# Visit of President-Elect of the 76th General Assembly of the United Nations and Minister of Foreign Affairs of Maldives to India (July 22-24, 2021)

July 21, 2021

---

# ਸੰਯੁਕਤ ਰਾਸ਼ਟਰ ਦੀ 76ਵੀਂ ਮਹਾਂਸਭਾ ਦੇ ਚੁਣੇ ਗਏ ਪ੍ਰਧਾਨ ਅਤੇ ਮਾਲਦੀਵ ਦੇ ਵਿਦੇਸ਼ ਮਾਮਲੇ ਮੰਤਰੀ ਵੱਲੋਂ ਭਾਰਤ ਦਾ ਦੌਰਾ (22-24 ਜੁਲਾਈ , 2021)

21 ਜੁਲਾਈ, 2021

1. ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੇ ਸੱਦੇ 'ਤੇ ਸੰਯੁਕਤ ਰਾਸ਼ਟਰ ਦੀ 76ਵੀਂ ਮਹਾਂਸਭਾ ਦੇ ਪ੍ਰਧਾਨ ਚੁਣੇ ਗਏ ਮਹਾਮਹਿਮ ਸ਼੍ਰੀਮਾਨ ਅਬਦੁੱਲਾ ਸ਼ਾਹਿਦ ਅਤੇ ਮਾਲਦੀਵ ਦੇ ਵਿਦੇਸ਼ ਮਾਮਲੇ ਮੰਤਰੀ 22 ਤੋਂ 24 ਜੁਲਾਈ 2021 ਤੱਕ ਨਵੀਂ ਦਿੱਲੀ ਦੀ ਫੇਰੀ 'ਤੇ ਆਉਣਗੇ ।

2. ਇਸ ਦੌਰੇ ਦੌਰਾਨ ਮਹਾਂਸਭਾ ਦੇ ਪ੍ਰਧਾਨ ਪ੍ਰਧਾਨਮੰਤਰੀ ਨਾਲ ਰਸਮੀ ਮੁਲਾਕਾਤ ਕਰਨਗੇ ਅਤੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਨਾਲ ਪ੍ਰਮੁੱਖ ਅੰਤਰ-ਰਾਸ਼ਟਰੀ, ਬਹੁਪੱਖੀ, ਖੇਤਰੀ ਅਤੇ ਦੁਵੱਲੀ ਦਿਲਚਸਪੀ ਵਾਲੇ ਮੁੱਦਿਆਂ 'ਤੇ ਗੱਲਬਾਤ ਕਰਨਗੇ। ਵਿਦੇਸ਼ ਮੰਤਰੀ ਆਉਣ ਵਾਲੇ ਪਤਵੰਤਿਆਂ ਦੇ ਸਨਮਾਨ ਵਿੱਚ ਰਾਜ ਭੋਜ ਵੀ ਦੇਣਗੇ।

3. ਮਹਾਂਸਭਾ ਲਈ ਚੁਣੇ ਗਏ ਪ੍ਰਧਾਨ ਆਪਣੀ UNGA ਦੀ ਪ੍ਰਧਾਨਗੀ ਲਈ 23 ਜੁਲਾਈ ਨੂੰ ਸਪਰੂ ਹਾਊਸ , ਨਵੀਂ ਦਿੱਲੀ ਵਿੱਖੇ ਭਾਰਤੀ ਵਿਸ਼ਵ ਮਾਮਲੇ ਪਰਿਸ਼ਦ ਦੇ ਪਰਿਸਰ (ICWA) "ਉਮੀਦਾਂ ਵਾਲੀ ਪ੍ਰਧਾਨਗੀ : COVID ਮਹਾਂਮਾਰੀ ਅਤੇ ਬਹੁਪੱਖਵਾਦੀ ਸੁਧਾਰ ਦੀ ਜ਼ਰੂਰਤ" ਸਿਰਲੇਖ ਹੇਠ ਵਰਚੁਅਲ ਜਨਤਕ ਭਾਸ਼ਣ ਰਾਹੀਂ ਆਪਣੇ ਵਿਚਾਰ ਸਾਂਝੇ ਕਰਣਗੇ।

4. ਮਹਾਂਸਭਾ ਦੇ ਪ੍ਰਧਾਨ ਦੇ ਦੌਰੇ ਦੌਰਾਨ ਸੰਯੁਕਤ ਰਾਸ਼ਟਰ ਨੂੰ ਦਰਪੇਸ਼ ਕਈ ਮੌਜੂਦਾ ਆਲਮੀ ਚੁਣੌਤੀਆਂ 'ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲੇਗਾ। ਇਸ ਨਾਲ ਸਾਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਮਾਮਲੇ 'ਚ ਬਹੁਪੱਖਵਾਦ ਪ੍ਰਤੀ ਭਾਰਤ ਦੀ ਵਚਨਬੱਧਤਾ ਅਤੇ ਸੰਯੁਕਤ ਰਾਸ਼ਟਰ ਦੀ ਅਗੁਆਈ ਦੀ ਤਸਦੀਕ ਕਰਨ ਦਾ ਮੌਕਾ ਵੀ ਮਿਲੇਗਾ।

5. ਭਾਰਤ ਅਜਿਹਾ ਪਹਿਲਾ ਦੇਸ਼ ਹੋਵੇਗਾ ਜਿਥੇ ਮਹਾਮਹਿਮ ਅਬਦੁੱਲਾ ਸ਼ਾਹਿਦ 7 ਜੂਨ, 2021 ਨੂੰ ਮਹਾਂਸਭਾ ਦੇ ਪ੍ਰਧਾਨ ਚੁਣੇ ਜਾਣ ਮਗਰੋਂ ਆਪਣਾ ਪਹਿਲਾ ਅਧਿਕਾਰਤ ਦੌਰਾ ਕਰਨਗੇ।

6. ਮਹਾਂਸਭਾ ਦੇ ਪ੍ਰਧਾਨ ਪਿਛਲੀ ਵਾਰ ਮਾਲਦੀਵ ਦੇ ਵਿਦੇਸ਼ ਮਾਮਲੇ ਮੰਤਰੀ ਵਜੋਂ ਅਪ੍ਰੈਲ, 2021 ਵਿੱਚ ਭਾਰਤ ਆਏ ਸਨ। ਮਾਲਦੀਵ ਭਾਰਤ ਦੀ ਨੇਬਰਹੁੱਡ ਫਸਟ ਨੀਤੀ ਦੇ ਹਿੱਸੇ ਵਜੋਂ ਅਤੇ ਪ੍ਰਧਾਨ ਮੰਤਰੀ ਦੇ SAGAR ਦਰਸ਼ਨ ਅਨੁਸਾਰ ਮਹੱਤਵਪੂਰਨ ਸਥਾਨ ਰੱਖਦਾ ਹੈ ਤੋਂ ਦੋਵਾਂ ਮੰਤਰੀਆਂ ਵੱਲੋਂ ਸਮੁੱਚੇ ਦੁਵੱਲੇ ਸਹਿਯੋਗ ਦੀ ਸਮੀਖਿਆ ਕੀਤੇ

ਜਾਣ ਦੀ ਆਸ ਹੈ। ਇਸ ਵਿਚਾਰ ਵਟਾਂਦਰੇ ਨਾਲ ਦੋਵਾਂ ਦੇਸ਼ਾਂ ਦਰਮਿਆਨ ਤੇਜ਼ੀ ਨਾਲ ਵਧ ਰਹੇ ਸਬੰਧਾਂ ਨੂੰ ਹੋਰ ਰਫਤਾਰ ਮਿਲਣ ਦੀ ਆਸ ਹੈ । ਇਸ ਦੌਰੇ ਦੌਰਾਨ ਮਾਲਦੀਵ ਵਿੱਚ ਭਾਰਤੀ ਗ੍ਰਾਂਟ ਸਹਾਇਤਾ ਨਾਲ ਸ਼ੁਰੂ ਕੀਤੇ ਜਾਣ ਵਾਲੇ ਉੱਚ ਪ੍ਰਭਾਵ ਸਮੂਹਕ ਵਿਕਾਸ ਪ੍ਰਾਜੈਕਟਾਂ ਸਬੰਧੀ ਸਮਝੌਤੇ 'ਤੇ ਵੀ ਦਸਤਖਤ ਕੀਤੇ ਜਾਣਗੇ।

ਨਵੀਂ ਦਿੱਲੀ

21 ਜੁਲਾਈ, 2021

DISCLAIMER: This is an approximate translation. The original is available in English on MEA's website and may be referred to as the official press release.